ਅਤਿ ਜ਼ਰੂਰੀ

## ਪੰਜਾਬੀ ਯੂਨੀਵਰਸਿਟੀ, ਪਟਿਆਲਾ

1961 ਦੇ ਪੰਜਾਬ ਐਕਟ ਨੰ :35 ਤਹਿਤ ਸਥਾਪਤ

ਨੰਬਰ 3582 ਓ.ਐਸ.ਏ.-8

ਮਿਤੀ 16-03-2020

ਵਿਸ਼ਾ :-ਪ੍ਰਾਵੀਡੈਂਟ ਫੰਡ ਦੀ ਰਾਸ਼ੀ **F.D.R** ਵਿਚ ਨਿਵੇਸ਼ ਕਰਨ ਸਬੰਧੀ।

ਯੂਨੀਵਰਸਿਟੀ ਆਪਣੇ ਕਰਮਚਾਰੀਆਂ ਦੇ ਪ੍ਰਾਵੀਡੈਂਟ ਫੰਡ ਦੀ ਲਗਭਗ 110,00,00,000-/ ( ਇੱਕ ਸੌ ਦਸ ਕਰੋੜ ਤੱਕ) ਰੁਪਏ ਦੀ ਰਾਸ਼ੀ ਮਿਤੀ 18.03.2020 ਨੂੰ ਐਫ.ਡੀ.ਆਰ (**F.D.R)** ਦੇ ਰੂਪ ਵਿੱਚ ਨਿਵੇਸ਼ ਕਰਨਾ ਚਾਹੁੰਦੀ ਹੈ। ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਇਹ ਰਾਸ਼ੀ ਆਪ ਦੇ ਬੈਂਕ ਵਿੱਚ ਨਿਵੇਸ਼ ਕੀਤੀ ਜਾਂਦੀ ਹੈ ਤਾਂ ਆਪ ਦੇ ਬੈਂਕ ਵੱਲੋਂ ਇਕ ਸਾਲ, ਦੋ ਸਾਲ, ਤਿੰਨ ਸਾਲ ਅਤੇ ਤਿੰਨ ਸਾਲ ਤੋਂ ਵੱਧ ਸਮੇਂ ਲਈ ਵੱਧ ਤੋਂ ਵੱਧ ਕਿਸ ਦਰ ਤੇ ਵਿਆਜ਼ ਦਿੱਤਾ ਜਾ ਸਕਦਾ ਹੈ। **Quote ਕੀਤੀ ਜਾਣ ਵਾਲੀ ਵਿਆਜ਼ ਦੀ ਦਰ ਬਿਨ੍ਹਾਂ ਕਿਸੇ ਸ਼ਰਤ (condition) ਦੇ ਹੋਣੀ ਚਾਹੀਦੀ ਹੈ।** ਵਿਆਜ਼ ਦੀ ਦਰ ਸਬੰਧੀ ਕੁਟੇਸ਼ਨ ਮਿਤੀ 17-03-2020 ਨੂੰ ਦੁਪਹਿਰ 12-00 ਵਜੇ ਤੱਕ ਹਰ ਹਾਲਤ ਵਿੱਚ ਵਿੱਤ ਅਫਸਰ, ਪੰਜਾਬੀ ਯੂਨੀਵਰਸਿਟੀ,ਪਟਿਆਲਾ ਨੂੰ ਬੰਦ ਲਿਫਾਫੇ ਵਿੱਚ ਜਿਸ ਦੇ ਉਪਰ **ਕੁਟੇਸ਼ਨ** ਲਿਖਿਆ ਹੋਵੇ, ਪੁੱਜਦੀ ਕਰਨ ਦੀ ਖੇਚਲ ਕੀਤੀ ਜਾਵੇ। ਇਹ ਸਪੱਸ਼ਟ ਕੀਤਾ ਜਾਵੇ ਕਿ ਵਿਆਜ਼ ਮਹੀਨਾ /ਤਿਮਾਹੀ ਜਾਂ ਛਿਮਾਹੀ ਕੈਲਕੂਲੇਟ ਕੀਤਾ ਜਾਵੇਗਾ। ਇਸ ਪ੍ਰੀਕਿਰਿਆ ਵਿਚ ਪਬਲਿਕ ਸੈਕਟਰ ਦੇ ਸ਼ਡਿਊਲਡ ਕਮਰਸ਼ੀਅਲ ਬੈਂਕ ਹੀ ਭਾਗ ਲੈ ਸਕਦੇ ਹਨ।

ਵਿਸ਼ਵਾਸਪਾਤਰ

16.3.2020

ਵਿੱਤ ਅਫਸਰ

ਯੂਨੀਵਰਸਿਟੀ ਵੈੱਬ-ਸਾਈਟ ਤੇ upload ਕਰਨ ਸਬੰਧੀ ਪੱਤਰ ਕੰਪਿਊਟਰ ਸੈਂਟਰ ਭੇਜਿਆ ਜਾਂਦਾ ਹੈ।

16/03/2020

1140 Acc Lab
16/03/2020
ਯੂਨੀਵਰਸਿਟੀ ਕੰਪਿਊਟਰ ਸੈਂਟਰ